# ਬੱਚੇ ਦੇ ਜਨਮ ਤੋਂ ਪਹਿਲਾਂ ਦੀ ਜਿਨੈਟਿਕ ਜਾਂਚ

## ਮਰਜ਼ੀ ਤੁਹਾਡੀ ਹੈ

ਆਪਣੇ ਸਾਮ੍ਹਣੇ ਮੌਜੂਦ ਰਾਹਾਂ ਬਾਰੇ ਵਧੇਰੇ ਜਾਣਕਾਰੀ ਹਾਸਲ ਕਰੋ

# Prenatal Genetic Screening







**ਬੀ.ਸੀ. ਪ੍ਰੀਨੇਟਲ ਜਿਨੈਟਿਕ ਸਕ੍ਰੀਨਿੰਗ ਪ੍ਰੋਗਰਾਮ**

ਬੀ.ਸੀ. ਪੈਰੀਨੇਟਲ ਹੈਲਥ ਪ੍ਰੋਗਰਾਮ ਦਾ ਇੱਕ ਹਿੱਸਾ

**BC Prenatal Genetic Screening Program**

PART OF THE BC PERINATAL HEALTH PROGRAM

www.bcprenatalscreening.ca

Provincial Health Services Authority
Province-wide solutions.
Better health.

Punjabi



## ਬੱਚੇ ਦੇ ਜਨਮ ਤੋਂ ਪਹਿਲਾਂ ਦੀ ਜਿਨੈਟਿਕ ਜਾਂਚ ਕਿਸ ਨੂੰ ਕਹਿੰਦੇ ਹਨ?

ਇਹ ਖ਼ੂਨ ਦਾ ਇੱਕ ਟੈਸਟ ਹੈ ਜਿਸ ਨੂੰ ਕਰਵਾਉਣ ਦੀ ਖੁੱਲ੍ਹ ਬ੍ਰਿਟਿਸ਼ ਕੋਲੰਬੀਆ ਵਿੱਚ ਸਭ ਔਰਤਾਂ ਨੂੰ ਹੈ। ਇਸ ਜਾਂਚ ਤੋਂ ਤੁਹਾਨੂੰ ਪਤਾ ਲੱਗ ਸਕਦਾ ਹੈ ਕਿ ਕੀ ਤੁਹਾਡੇ ਬੱਚੇ ਨੂੰ ਡਾਊਨ ਸਿੰਡਰਮ, ਟਰਾਈਸੋਮੀ 18 ਜਾਂ ਤੰਤੂ ਨਲੀ ਖੁੱਲ੍ਹੀ ਹੋਣ (open neural tube) ਦਾ ਨੁਕਸ ਤਾਂ ਨਹੀਂ ਹੈ।

## ਡਾਊਨ ਸਿੰਡਰਮ, ਟਰਾਈਸੋਮੀ 18 ਜਾਂ ਤੰਤੂ ਨਲੀ ਖੁੱਲ੍ਹੀ ਹੋਣ ਦੇ ਨੁਕਸ ਕੀ ਹੁੰਦੇ ਹਨ?

**ਡਾਊਨ ਸਿੰਡਰਮ** ਉਦੋਂ ਹੁੰਦਾ ਹੈ ਜਦੋਂ ਬਾਲ ਵਿੱਚ ਇੱਕ ਕ੍ਰੋਮੋਸੋਮ ਵਧੀਕ ਹੋਵੇ। ਕ੍ਰੋਮੋਸੋਮ ਸਾਡੇ ਜਿਸਮ ਨੂੰ ਵਧਣ-ਫੁਲਣ ਅਤੇ ਵਿਕਸਤ ਹੋਣ ਬਾਰੇ ਹਿਦਾਇਤਾਂ ਦਿੰਦੇ ਹਨ। ਜਦੋਂ ਇੱਕ ਕ੍ਰੋਮੋਸੋਮ ਵੱਧ ਹੋਵੇ ਤਾਂ ਜਾਣਕਾਰੀ ਦੀ ਬਹੁਤਾਤ ਹੋ ਜਾਂਦੀ ਹੈ। ਇਸ ਨਾਲ ਜਿਸ ਤਰੀਕੇ ਨਾਲ ਜਿਸਮ ਵਧਦਾ-ਫੁੱਲਦਾ ਅਤੇ ਵਿਕਸਤ ਹੁੰਦਾ ਹੈ, ਉਸ ਵਿੱਚ ਤਬਦੀਲੀ ਆਉਂਦੀ ਹੈ। ਡਾਊਨ ਸਿੰਡਰਮ ਵਾਲੇ ਵਿਅਕਤੀਆਂ ਵਿੱਚ ਹਲਕੀ ਤੋਂ ਦਰਮਿਆਨੀ ਬੌਧਿਕ ਦੇਰੀ ਹੁੰਦੀ ਹੈ। ਉਨ੍ਹਾਂ ਵਿੱਚ ਕੁੱਝ ਸਿਹਤ ਮੁਸ਼ਕਲਾਂ ਆਉਣ ਦੀ ਵੀ ਵਧੇਰੇ ਗੁੰਜਾਇਸ਼ ਹੁੰਦੀ ਹੈ। ਇਹ ਪਤਾ ਲਾਉਣ ਦਾ ਕੋਈ ਤਰੀਕਾ ਮੌਜੂਦ ਨਹੀਂ ਹੈ ਕਿ ਮੁਸ਼ਕਲਾਂ ਕਿੰਨੀਆਂ ਕੁ ਗੰਭੀਰ ਹੋਣਗੀਆਂ। ਡਾਊਨ ਸਿੰਡਰਮ ਵਾਲੇ ਵਿਅਕਤੀ ਆਮ ਤੌਰ 'ਤੇ ਉਮਰ ਦੇ ਪੰਜਾਹਵਿਆਂ ਤਕ ਅੱਪੜਦੇ ਹਨ।

**ਟਰਾਈਸੋਮੀ 18** ਰੋਗ ਵੀ ਬਾਲ ਵਿੱਚ ਇੱਕ ਕ੍ਰੋਮੋਸੋਮ ਵੱਧ ਹੋਣ ਨਾਲ ਵਾਪਰਦਾ ਹੈ। ਟਰਾਈਸੋਮੀ 18 ਵਾਲੇ ਅਨੇਕਾਂ ਗਰਭ ਸਿਰੇ ਨਹੀਂ ਚੜ੍ਹਦੇ। ਜੇ ਅਜਿਹੇ ਬੱਚੇ ਦਾ ਜਨਮ ਹੋ ਜਾਵੇ, ਤਾਂ ਵਿਰਲੇ ਮਾਮਲਿਆਂ ਵਿੱਚ ਹੀ ਉਹ ਕੁੱਝ ਦਿਨ ਜਾਂ ਕੁੱਝ ਹਫਤਿਆਂ ਤੋਂ ਵੱਧ ਜ਼ਿੰਦਾ ਰਹਿੰਦਾ ਹੈ। ਇਨ੍ਹਾਂ ਬੱਚਿਆਂ ਨੂੰ ਦਿਲ ਅਤੇ ਦਿਮਾਗ ਦੇ ਗੰਭੀਰ ਨੁਕਸ ਹੁੰਦੇ ਹਨ।

**ਤੰਤੂ ਨਲੀ ਦੇ ਖੁੱਲ੍ਹੇ ਹੋਣ ਦਾ ਨੁਕਸ** ਉਦੋਂ ਵਾਪਰਦਾ ਹੈ ਜਦੋਂ ਦਿਮਾਗ ਜਾਂ ਸੁਖਮਣਾ ਨਾੜੀ ਸਹੀ ਤੌਰ 'ਤੇ ਬਣਨ ਹੀ ਨਾ। ਜਦੋਂ ਤੰਤੂ ਨਲੀ ਦੇ ਖੁੱਲ੍ਹੇ ਹੋਣ ਦੇ ਨੁਕਸ ਦਾ ਸੰਬੰਧ ਸੁਖਮਣਾ ਨਾੜੀ ਨਾਲ ਹੋਵੇ ਤਾਂ ਇਸ ਨੂੰ ਸਪਾਈਨਾ ਬਿਫਿਡਾ (spina bifida) ਆਖਿਆ ਜਾਂਦਾ ਹੈ। ਇਸ ਨਾਲ ਜਿਸਮਾਨੀ ਅਤੇ ਮਾਨਸਿਕ, ਦੋਵੇਂ ਤਰ੍ਹਾਂ ਦੀਆਂ ਮੁਸ਼ਕਲਾਂ ਪੇਸ਼ ਆ ਸਕਦੀਆਂ ਹਨ। ਦਿਮਾਗ ਨਾਲ ਸੰਬੰਧਤ ਤੰਤੂ ਨਲੀ ਦੇ ਖੁੱਲ੍ਹੇ ਹੋਣ ਦੇ ਨੁਕਸ ਨੂੰ ਅਨੈਂਨਸੀਫੈਲੀ (anencephaly) ਕਿਹਾ ਜਾਂਦਾ ਹੈ। ਅਨੈਂਨਸੀਫੈਲੀ ਰੋਗ ਵਾਲੇ ਬੱਚੇ ਜਾਂ ਤਾਂ ਮ੍ਰਿਤ ਪੈਦਾ ਹੁੰਦੇ ਹਨ ਜਾਂ ਜਨਮ ਦੇ ਛੇਤੀ ਬਾਅਦ ਉਨ੍ਹਾਂ ਦੀ ਮੌਤ ਹੋ ਜਾਂਦੀ ਹੈ।

**ਭਾਵੇਂ ਬਹੁਤੇ ਬੱਚੇ ਸਿਹਤਮੰਦ ਪੈਦਾ ਹੁੰਦੇ ਹਨ, ਇਹ ਸੰਭਾਵਨਾ ਸਭਨਾਂ ਔਰਤਾਂ ਵਿੱਚ ਮੌਜੂਦ ਹੁੰਦੀ ਹੈ ਕਿ ਉਨ੍ਹਾਂ ਨੂੰ ਡਾਊਨ ਸਿੰਡਰਮ, ਟਰਾਈਸੋਮੀ 18 ਜਾਂ ਤੰਤੂ ਨਲੀ ਖੁੱਲ੍ਹੀ ਹੋਣ ਦੇ ਨੁਕਸ ਵਾਲਾ ਬੱਚਾ ਪੈਦਾ ਹੋ ਸਕਦਾ ਹੈ – ਭਾਵੇਂ ਕਿ ਖੁਦ ਉਹ ਅਤੇ ਉਨ੍ਹਾਂ ਦੇ ਪਰਿਵਾਰ ਸਿਹਤਮੰਦ ਵੀ ਹੋਣ।**



## ਕੀ ਗੁੰਜਾਇਸ਼ ਹੈ ਕਿ ਮੈਨੂੰ ਉਪ੍ਰੋਕਤ ਵਿੱਚੋਂ ਕਿਸੇ ਰੋਗ ਵਾਲਾ ਬੱਚਾ ਪੈਦਾ ਹੋਵੇਗਾ?

ਡਾਊਨ ਸਿੰਡਰਮ ਵਾਲਾ ਬੱਚਾ ਪੈਦਾ ਹੋਣ ਦੇ ਮੌਕੇ 700 ਵਿੱਚੋਂ 1 ਅਤੇ ਟਰਾਈਸੋਮੀ 18 ਵਾਲਾ ਬੱਚਾ ਪੈਦਾ ਹੋਣ ਦੇ ਮੌਕੇ 7,000 ਵਿੱਚੋਂ 1 ਹੁੰਦੇ ਹਨ। ਇਹ ਅੰਕੜੇ ਹਰ ਉਮਰ ਵਾਲੀਆਂ ਔਰਤਾਂ ਲਈ ਔਸਤਾਂ ਹਨ। ਤੱਥ ਤਾਂ ਇਹ ਹੈ ਕਿ ਡਾਊਨ ਸਿੰਡਰਮ ਜਾਂ ਟਰਾਈਸੋਮੀ 18 ਵਾਲੇ ਬੱਚੇ ਨੂੰ ਜਨਮ ਦੇਣ ਦੀ ਗੁੰਜਾਇਸ਼ ਛੋਟੀ ਉਮਰ ਵਾਲੀਆਂ ਔਰਤਾਂ ਵਿੱਚ ਘੱਟ ਅਤੇ ਵੱਡੀ ਉਮਰ ਦੀਆਂ ਔਰਤਾਂ ਵਿੱਚ ਵੱਧ ਹੁੰਦੀ ਹੈ।

| ਮਾਂ ਦੀ ਉਮਰ (ਸਾਲਾਂ ਵਿੱਚ) | ਡਾਊਨ ਸਿੰਡਰਮ ਹੋਣ ਦੇ ਮੌਕੇ | ਟਰਾਈਸੋਮੀ 18 ਹੋਣ ਦੇ ਮੌਕੇ |
|---|---|---|
| 25 | 1,250 ਵਿੱਚ 1 | 12,500 ਵਿੱਚ 1 |
| 30 | 840 ਵਿੱਚ 1 | 8,400 ਵਿੱਚ 1 |
| 35 | 356 ਵਿੱਚ 1 | 3,560 ਵਿੱਚ 1 |
| 40 | 94 ਵਿੱਚ 1 | 940 ਵਿੱਚ 1 |
| 45 | 24 ਵਿੱਚ 1 | 240 ਵਿੱਚ 1 |

**ਬੱਚੇ ਦੇ ਜਨਮ ਤੋਂ ਪਹਿਲਾਂ ਦੀ ਜਾਂਚ ਤੋਂ ਤੁਹਾਨੂੰ ਪਤਾ ਲੱਗਦਾ ਹੈ ਕਿ ਇਸ ਗਰਭ ਦੀ ਵਾਰੀ ਤੁਹਾਨੂੰ ਡਾਊਨ ਸਿੰਡਰਮ, ਟਰਾਈਸੋਮੀ 18 ਜਾਂ ਤੰਤੂ ਨਲੀ ਖੁੱਲ੍ਹੀ ਹੋਣ ਦੇ ਨੁਕਸ ਵਾਲਾ ਬੱਚਾ ਪੈਦਾ ਹੋਣ ਦੀ ਕੀ ਸੰਭਾਵਨਾ ਹੈ।**

**ਬੱਚੇ ਦੇ ਜਨਮ ਤੋਂ ਪਹਿਲਾਂ ਦੀ ਜਿਨੈਟਿਕ ਸਕ੍ਰੀਨਿੰਗ ਕਰਾਉਣ ਦੀ ਮਰਜ਼ੀ ਤੁਹਾਡੀ ਹੁੰਦੀ ਹੈ।**

**ਜਿੰਨਾ ਛੇਤੀ ਤੁਸੀਂ ਆਪਣੇ ਡਾਕਟਰ ਨੂੰ ਮਿਲੋਂਗੇ, ਉਨੇਂ ਹੀ ਵਧੇਰੇ ਰਾਹ ਤੁਹਾਡੇ ਸਾਮ੍ਹਣੇ ਹੋਣਗੇ।**

ਜੇ ਤੁਹਾਨੂੰ ਜਾਂ ਤੁਹਾਡੇ ਸਾਥੀ ਨੂੰ ਡਾਊਨ ਸਿੰਡਰਮ ਜਾਂ ਕ੍ਰੋਮੋਸੋਮਾਂ ਦੇ ਕਿਸੇ ਹੋਰ ਰੋਗ ਵਾਲਾ ਬੱਚਾ ਪਹਿਲਾਂ ਕਦੇ ਪੈਦਾ ਹੋਇਆ ਹੈ ਤਾਂ ਕਿਸੇ ਹੋਰ ਗਰਭ ਦੌਰਾਨ ਤੁਹਾਡੇ ਨਾਲ ਇਹ ਵਾਪਰਨ ਦੀ ਗੁੰਜਾਇਸ਼ ਵਧ ਜਾਂਦੀ ਹੈ।

ਤੰਤੂ ਨਲੀ ਦੇ ਖੁੱਲ੍ਹੇ ਹੋਣ ਦੇ ਰੋਗ ਵਾਲਾ ਬੱਚਾ ਪੈਦਾ ਹੋਣ ਦੀ ਗੁੰਜਾਇਸ਼ ਇੱਕੋ ਜਿੰਨੀ ਹੈ ਭਾਵੇਂ ਤੁਹਾਡੀ ਉਮਰ ਕਿੰਨੀ ਵੀ ਹੋਵੇ – ਇਹ 1,000 ਪਿੱਛੇ 1 ਹੁੰਦੀ ਹੈ।

## ਬੱਚੇ ਦੇ ਜਨਮ ਤੋਂ ਪਹਿਲਾਂ ਦੀ ਜਿਨੈਟਿਕ ਜਾਂਚ ਕਿਵੇਂ, ਕਦੋਂ ਅਤੇ ਕਿੱਥੇ ਹੁੰਦੀ ਹੈ?

ਤੁਹਾਡੀ ਸਥਾਨਕ ਲੈਬਾਟਰੀ ਵਿਖੇ ਖ਼ੂਨ ਦੇ ਦੋ ਟੈਸਟ ਕੀਤੇ ਜਾਂਦੇ ਹਨ:

- **ਖ਼ੂਨ ਦਾ ਟੈਸਟ #1:** ਗਰਭ ਦੇ ਦਸਵੇਂ ਹਫਤੇ ਤੋਂ ਲੈ ਕੇ ਚੌਦਵਾਂ ਹਫਤਾ ਪੂਰਾ ਹੋਣ ਤੋਂ ਥੋੜ੍ਹਾ ਪਹਿਲਾਂ ਤਕ
- **ਖ਼ੂਨ ਦਾ ਟੈਸਟ #2:** ਗਰਭ ਦੇ ਪੰਦਰਵੇਂ ਹਫਤੇ ਤੋਂ ਲੈ ਕੇ ਇੱਕੀਵਾਂ ਹਫਤਾ ਪੂਰਾ ਹੋਣ ਤੋਂ ਥੋੜ੍ਹਾ ਪਹਿਲਾਂ ਤਕ

*ਜੇ ਖ਼ੂਨ ਦਾ ਪਹਿਲਾ ਟੈਸਟ ਤੁਸੀਂ ਨਹੀਂ ਕਰਵਾ ਸਕੇ, ਦੂਜਾ ਟੈਸਟ ਤੁਸੀਂ ਫਿਰ ਵੀ ਕਰਵਾ ਸਕਦੇ ਹੋ। ਚੰਗਾ ਇਹੋ ਹੈ ਕਿ ਜੇ ਹੋ ਸਕੇ ਤਾਂ ਤੁਸੀਂ ਖ਼ੂਨ ਦੇ ਦੋਵੇਂ ਟੈਸਟ ਕਰਾਵੋਂ। ਦੋਵੇਂ ਟੈਸਟ ਕਰਾਉਣ ਨਾਲ ਜਿਨੈਟਿਕ ਜਾਂਚ ਦੇ ਨਤੀਜਿਆਂ ਦੇ ਦਰੁਸਤ ਹੋਣ ਦੇ ਮੌਕੇ ਵਧ ਜਾਂਦੇ ਹਨ।*

ਖ਼ੂਨ ਦਾ ਦੂਜਾ ਟੈਸਟ ਕਰਾਉਣ ਦੇ 10 ਦਿਨ ਦੇ ਅੰਦਰ-ਅੰਦਰ ਤੁਹਾਡੇ ਡਾਕਟਰ ਨੂੰ ਜਿਨੈਟਿਕ ਜਾਂਚ ਦੇ ਨਤੀਜੇ ਮਿਲ ਜਾਣਗੇ।



**ਜੇ ਉਮਰ ਕਾਰਣ ਜਾਂ ਪਹਿਲਾਂ ਕਦੀ ਅਜਿਹਾ ਗਰਭ ਰਹੇ ਹੋਣ ਕਾਰਣ ਤੁਹਾਨੂੰ ਡਾਊਨ ਸਿੰਡਰਮ, ਟਰਾਈਸੋਮੀ 18 ਜਾਂ ਤੰਤੂ ਨਲੀ ਖੁੱਲ੍ਹੀ ਹੋਣ ਦੇ ਨੁਕਸ ਵਾਲਾ ਬੱਚਾ ਪੈਦਾ ਹੋਣ ਦੇ ਮੌਕੇ ਵੱਧ ਹੋਣ,** ਤੁਹਾਨੂੰ ਇੱਕ ਖਾਸ ਅਲਟਰਾਸਾਊਂਡ ਕਰਾਉਣ ਲਈ ਕਿਹਾ ਜਾਵੇਗਾ। ਇਹ ਅਲਟਰਾਸਾਊਂਡ ਖ਼ੂਨ ਦੇ ਟੈਸਟਾਂ ਤੋਂ ਇਲਾਵਾ ਹੋਵੇਗਾ। ਇਸ ਅਲਟਰਾਸਾਊਂਡ ਵਿੱਚ ਤੁਹਾਡੇ ਬੱਚੇ ਦੀ ਗਿੱਚੀ ਵਿੱਚ ਤਰਲਾਂ ਵਾਲੀ ਜਗ੍ਹਾ ਮਾਪੀ ਜਾਂਦੀ ਹੈ। ਇਸ ਨੂੰ **ਨਿਊਕਲ ਟਰਾਂਸਲਿਊਸੈਂਸੀ (nuchal translucency) ਜਾਂ ਐੱਨ.ਟੀ.** ਅਲਟਰਾਸਾਊਂਡ ਕਿਹਾ ਜਾਂਦਾ ਹੈ। ਐੱਨ.ਟੀ. ਗਰਭ ਦੇ ਗਿਆਰਵੇਂ ਹਫਤੇ ਤੋਂ ਲੈਕੇ ਚੌਦਵਾਂ ਹਫਤਾ ਪੂਰਾ ਹੋਣ ਤੋਂ ਕੁੱਝ ਦੇਰ ਪਹਿਲਾਂ ਤਕ ਕੀਤਾ ਜਾਂਦਾ ਹੈ। ਭਾਵੇਂ ਐੱਨ.ਟੀ. ਕਰਵਾ ਲੈਣ ਨਾਲ ਜਿਨੈਟਿਕ ਜਾਂਚ ਦੇ ਨਤੀਜਿਆਂ ਲਈ ਵਧੇਰੇ ਜਾਣਕਾਰੀ ਮਿਲ ਜਾਂਦੀ ਹੈ, ਪੰਨਾ 3 ਉੱਤੇ ਦੱਸੇ ਗਏ ਟੈਸਟ ਆਪਣੇ ਆਪ ਵਿੱਚ ਬੜੀ ਵਧੀਆ ਜਾਂਚ ਹੁੰਦੇ ਹਨ।

## ਜੇ ਮੇਰੇ ਬੱਚੇ ਦੇ ਜਨਮ ਵੇਲੇ ਮੇਰੀ ਉਮਰ 40 ਸਾਲ ਜਾਂ ਵਧੇਰੇ ਹੋਵੇ ਤਾਂ?

ਤੁਹਾਨੂੰ ਅਜਿਹੇ ਟੈਸਟ ਕਰਾਉਣ ਦੀ ਖੁੱਲ੍ਹ ਦਿੱਤੀ ਜਾਵੇਗੀ ਜਿਸ ਤੋਂ ਇਹ ਪੱਕਾ ਪਤਾ ਲੱਗ ਸਕੇ ਕਿ ਤੁਹਾਡੇ ਬੱਚੇ ਨੂੰ ਡਾਊਨ ਸਿੰਡਰਮ ਜਾਂ ਟਰਾਈਸੋਮੀ 18 ਹੈ ਜਾਂ ਨਹੀਂ। ਇਸ ਤਰ੍ਹਾਂ ਦੀ ਜਾਂਚ ਨੂੰ ਤਸ਼ਖੀਸੀ ਜਾਂਚ ਕਿਹਾ ਜਾਂਦਾ ਹੈ। ਕੋਰੀਓਨਿਕ ਵਿੱਲਾਈ ਸੈਂਪਲਿੰਗ (chorionic villi sampling) ਜਾਂ ਐਮਨੀਓਸੈਂਟੈਸਿਜ਼ (amniocentesis) ਤਸ਼ਖੀਸੀ ਜਾਂਚ ਦੀਆਂ ਕਿਸਮਾਂ ਹਨ। ਇਹ ਮੌਕਾ ਤੁਹਾਨੂੰ ਬੱਚੇ ਦੇ ਜਨਮ ਤੋਂ ਪਹਿਲਾਂ ਦੀ ਜਿਨੈਟਿਕ ਜਾਂਚ ਕਰਾਉਣ ਤੋਂ ਬਿਨਾ ਹੀ ਦੇ ਦਿੱਤਾ ਜਾਂਦਾ ਹੈ। ਪਰ ਤੁਸੀਂ ਪਹਿਲਾਂ ਜਿਨੈਟਿਕ ਜਾਂਚ ਕਰਵਾ ਕੇ, ਇਸ ਦੇ ਨਤੀਜੇ ਵੇਖਣ ਤੋਂ ਬਾਅਦ ਹੀ ਤਸ਼ਖੀਸੀ ਜਾਂਚ ਬਾਰੇ ਮਨ ਬਣਾਉਣ ਦਾ ਫੈਸਲਾ ਕਰ ਸਕਦੇ ਹੋ। ਤੁਸੀਂ ਬੱਚੇ ਦੇ ਜਨਮ ਤੋਂ ਪਹਿਲਾਂ ਦੀ ਜਿਨੈਟਿਕ ਜਾਂਚ ਜਾਂ ਤਸ਼ਖੀਸੀ ਜਾਂਚ ਨਾ ਕਰਾਉਣ ਦਾ ਫੈਸਲਾ ਵੀ ਕਰ ਸਕਦੇ ਹੋ।

## ਜੇ ਮੇਰੇ ਗਰਭ ਵਿੱਚ ਜੌੜੇ ਬੱਚੇ ਹੋਣ ਤਾਂ?

ਜੇ ਤੁਹਾਡਾ ਗਰਭ 14 ਹਫਤਿਆਂ ਤੋਂ ਘੱਟ ਦਾ ਹੋਵੇ, ਤਾਂ ਤੁਹਾਨੂੰ ਐੱਨ.ਟੀ. ਅਲਟਰਾਸਾਊਂਡ ਅਤੇ ਪੰਨਾ 3 ਉੱਤੇ ਦੱਸੇ ਖ਼ੂਨ ਦੀ ਜਾਂਚ ਦੇ ਪ੍ਰੀਨੇਟਲ ਟੈਸਟ, ਦੋਵੇਂ ਹੀ ਕਰਾਉਣ ਲਈ ਕਿਹਾ ਜਾਵੇਗਾ। ਜੇ ਐੱਨ.ਟੀ. ਅਲਟਰਾਸਾਊਂਡ ਉਪਲਬਧ ਨਾ ਹੋਵੇ ਜਾਂ ਤੁਹਾਡਾ ਗਰਭ 14 ਹਫਤਿਆਂ ਤੋਂ ਵੱਧ ਦਾ ਹੋਵੇ, ਤਾਂ ਤੁਹਾਨੂੰ ਪੰਨਾ 3 ਉੱਤੇ ਦੱਸੇ ਖ਼ੂਨ ਦੇ ਟੈਸਟ ਕਰਾਉਣ ਲਈ ਫਿਰ ਵੀ ਕਿਹਾ ਜਾਵੇਗਾ। ਜੇ ਬੱਚੇ ਦੇ ਜਨਮ ਵੇਲੇ ਤੁਸੀਂ 35 ਸਾਲ ਜਾਂ ਵਧੇਰੇ ਉਮਰ ਦੇ ਹੋਣਾ ਹੋਵੇ ਤਾਂ ਤੁਹਾਨੂੰ ਉੱਪਰ ਦੱਸੇ ਮੁਤਾਬਕ ਤਸ਼ਖੀਸੀ ਟੈਸਟ ਕਰਾਉਣ ਦਾ ਵਿਕਲਪ ਵੀ ਦਿੱਤਾ ਜਾਵੇਗਾ।

**ਜਾਂਚ ਦੇ ਵਿਕਲਪਾਂ ਬਾਰੇ ਆਪਣੇ ਡਾਕਟਰ ਨਾਲ ਗੱਲ ਕਰੋ ਜੀ।**

**ਤੁਸੀਂ ਜੋ ਵੀ ਫੈਸਲਾ ਕਰੋਂ, ਉਸ ਦਾ ਤੁਹਾਡੀ ਦੇਖ-ਰੇਖ ’ਤੇ ਅਸਰ ਨਹੀਂ ਪਵੇਗਾ। ਜੇ ਤੁਹਾਡੇ ਲਈ ਜਾਂਚ ਢੁਕਵੀਂ ਨਾ ਹੋਵੇ ਤਾਂ ਆਪਣੇ ਡਾਕਟਰ ਨੂੰ ਦੱਸੋ।**

## ਮੇਰੇ ਵੱਲੋਂ ਖ਼ੂਨ ਦੇ ਟੈਸਟ ਕਰਾ ਲੈਣ ਤੋਂ ਬਾਅਦ ਕੀ ਹੋਵੇਗਾ?

ਬੱਚੇ ਦੇ ਜਨਮ ਤੋਂ ਪਹਿਲਾਂ ਦੀ ਜਿਨੈਟਿਕ ਜਾਂਚ ਤੋਂ ਬਹੁਤਾ ਇਹ ਨਤੀਜਾ ਨਿਕਲਣ ਦੀ ਸੰਭਾਵਨਾ ਹੋਵੇਗੀ ਕਿ ਉਪ੍ਰੋਕਤ ਰੋਗਾਂ ਵਾਲਾ ਬੱਚਾ ਪੈਦਾ ਹੋਣ ਦੀ ਸੰਭਾਵਨਾ ਬੜੀ ਘੱਟ ਹੈ। ਇਸ ਨੂੰ **"ਸਕ੍ਰੀਨ ਨੈਗੇਟਿਵ" (screen negative)** ਕਿਹਾ ਜਾਂਦਾ ਹੈ। ਇਹ ਨਤੀਜਾ 99.9% ਸਹੀ ਨਿਕਲਦਾ ਹੈ ਪਰ ਇਸ ਦਾ ਅਰਥ ਇਹ ਨਹੀਂ ਹੁੰਦਾ ਕਿ ਤੁਹਾਨੂੰ ਉਪ੍ਰੋਕਤ ਰੋਗਾਂ ਵਾਲਾ ਬੱਚਾ ਪੈਦਾ ਹੋਣ ਦੀ ਸੰਭਾਵਨਾ ਸਿਫਰ ਹੈ।

ਜੇ ਨਤੀਜੇ ਤੋਂ ਪਤਾ ਲੱਗੇ ਕਿ ਤੁਹਾਨੂੰ ਉਪ੍ਰੋਕਤ ਰੋਗਾਂ ਵਾਲਾ ਬੱਚਾ ਹੋਣ ਦੀ ਗੁੰਜਾਇਸ਼ ਕਾਫੀ ਹੈ ਤਾਂ ਤੁਹਾਨੂੰ ਤਸ਼ਖੀਸੀ ਜਾਂਚ ਦਾ ਮੌਕਾ ਪੇਸ਼ ਕੀਤਾ ਜਾਵੇਗਾ। ਇਸ ਨੂੰ **"ਸਕ੍ਰੀਨ ਪਾਜ਼ੇਟਿਵ" (screen positive)** ਨਤੀਜਾ ਕਿਹਾ ਜਾਂਦਾ ਹੈ। ਬੱਚੇ ਦੇ ਜਨਮ ਤੋਂ ਪਹਿਲਾਂ ਦੀ ਜਿਨੈਟਿਕ ਜਾਂਚ ਦਾ ਮਤਲਬ ਇਹ ਨਹੀਂ ਹੁੰਦਾ ਕਿ ਤੁਹਾਡੇ ਬੱਚੇ ਨੂੰ ਪੱਕਾ ਇਹ ਰੋਗ ਹੈ। ਸੱਚੀ ਗੱਲ ਤਾਂ ਇਹ ਹੈ ਕਿ ਇਸ ਨਤੀਜੇ ਵਾਲੀਆਂ ਬਹੁਤੀਆਂ ਔਰਤਾਂ ਨੂੰ ਪੈਦਾ ਹੋਏ ਬੱਚੇ ਵਿੱਚ ਉਪ੍ਰੋਕਤ ਰੋਗ ਹੁੰਦੇ ਹੀ ਨਹੀਂ। ਤਸ਼ਖੀਸੀ ਟੈਸਟ ਤੋਂ ਤੁਹਾਨੂੰ ਪੱਕਾ ਪਤਾ ਲੱਗ ਜਾਂਦਾ ਹੈ।

## ਜੇ ਤੰਤੂ ਨਲੀ ਦੇ ਖੁੱਲ੍ਹੇ ਹੋਣ ਦੇ ਨੁਕਸ ਨਾਲ ਸੰਬੰਧਤ ਜਿਨੈਟਿਕ ਟੈਸਟ "ਸਕ੍ਰੀਨ ਪਾਜ਼ੇਟਿਵ" ਹੋਵੇ ਤਾਂ ਮੈਨੂੰ ਕਿਹੜਾ ਤਸ਼ਖੀਸੀ ਟੈਸਟ ਕਰਾਉਣ ਲਈ ਕਿਹਾ ਜਾਵੇਗਾ?

ਤੁਹਾਨੂੰ ਵੇਰਵੇਦਾਰ ਅਲਟਰਾਸਾਊਂਡ ਕਰਾਉਣ ਲਈ ਕਿਹਾ ਜਾਵੇਗਾ। ਬੀ.ਸੀ. ਦੇ ਜਿਨੈਟਿਕ ਕਲੀਨਿਕਾਂ (ਵੈਨਕੂਵਰ ਜਾਂ ਵਿਕਟੋਰੀਆ) ਵਿਚੋਂ ਕਿਸੇ ਇੱਕ ਵਿੱਚ ਗਰਭ ਅਵਸਥਾ ਦੇ ਮਾਹਿਰ ਡਾਕਟਰ ਜਾਂ ਜਿਨੈਟਿਕ ਕੌਂਸਲਰ ਨਾਲ ਤੁਹਾਡੀ ਮੁਲਾਕਾਤ ਵੀ ਤੈਅ ਕੀਤੀ ਜਾ ਸਕਦੀ ਹੈ। ਜੇ ਤੁਹਾਡੇ ਬੱਚੇ ਨੂੰ ਤੰਤੂ ਨਲੀ ਦੇ ਖੁੱਲ੍ਹੇ ਹੋਣ ਨਾਲ ਸੰਬੰਧਤ ਰੋਗ ਹੋਵੇ ਤਾਂ ਆਮ ਤੌਰ 'ਤੇ ਇਹ ਅਲਟਰਾਸਾਊਂਡ ਵਿੱਚ ਨਜ਼ਰ ਆ ਜਾਂਦਾ ਹੈ।

**ਬਹੁਤੀਆਂ ਔਰਤਾਂ ਨੂੰ ਬੱਚੇ ਦੇ ਜਨਮ ਤੋਂ ਪਹਿਲਾਂ ਦੀ ਜਿਨੈਟਿਕ ਜਾਂਚ ਦੇ ਨਤੀਜਿਆਂ ਤੋਂ ਇਹੋ ਹੀ ਪਤਾ ਲੱਗਦਾ ਹੈ ਕਿ ਉਪ੍ਰੋਕਤ ਰੋਗਾਂ ਦੇ ਮੌਕੇ ਬਹੁਤ ਘੱਟ ਹਨ।**

**ਭਾਵੇਂ 20 ਵਿੱਚੋਂ 1 ਔਰਤ ਦੀ ਜਿਨੈਟਿਕ ਜਾਂਚ ਦੇ ਨਤੀਜੇ "ਸਕ੍ਰੀਨ ਪਾਜ਼ੇਟਿਵ" ਹੁੰਦੇ ਹਨ, ਇਨ੍ਹਾਂ ਵਿੱਚੋਂ ਬਹੁਤੀਆਂ ਔਰਤਾਂ ਨੂੰ ਡਾਊਨ ਸਿੰਡਰਮ, ਟਰਾਈਸੋਮੀ 18 ਜਾਂ ਤੰਤੂ ਨਲੀ ਖੁੱਲ੍ਹੀ ਹੋਣ ਦੇ ਨੁਕਸ ਵਾਲਾ ਬੱਚਾ ਨਹੀਂ ਹੋਵੇਗਾ।**

**ਉਮਰ ਵਧਣ ਦੇ ਨਾਲ ਔਰਤ ਨੂੰ "ਸਕ੍ਰੀਨ ਪਾਜ਼ੇਟਿਵ" ਨਤੀਜਾ ਮਿਲਣ ਦੇ ਮੌਕੇ ਵੀ ਵਧਦੇ ਜਾਂਦੇ ਹਨ।**



ਬੱਚੇ ਦੇ ਜਨਮ ਤੋਂ ਪਹਿਲਾਂ ਦੀ ਜਿਨੈਟਿਕ ਜਾਂਚ ਤੋਂ ਤੁਹਾਨੂੰ ਸਿਰਫ ਇੰਨਾ ਪਤਾ ਲੱਗਦਾ ਹੈ ਕਿ ਤੁਹਾਡੇ ਬੱਚੇ ਨੂੰ ਡਾਊਨ ਸਿੰਡਰਮ, ਟਰਾਈਸੋਮੀ 18 ਜਾਂ ਤੰਤੂ ਨਲੀ ਖੁੱਲ੍ਹੀ ਹੋਣ ਦਾ ਨੁਕਸ ਹੋਣ ਦੀ ਕਿੰਨੀ ਕੁ ਗੁੰਜਾਇਸ਼ ਹੈ। ਪਰ ਇਸ ਦਾ ਪੱਕਾ ਪਤਾ ਲਾਉਣ ਲਈ ਤੁਹਾਨੂੰ ਐਮਨੀਉਸੈਂਟੇਸਿਜ਼ ਵਰਗਾ ਕੋਈ ਤਸ਼ਖੀਸੀ ਟੈਸਟ ਕਰਾਉਣਾ ਪਵੇਗਾ।

## ਜੇ ਮੇਨੂੰ ਡਾਊਨ ਸਿੰਡਰਮ ਜਾਂ ਟਰਾਈਸੋਮੀ 18 ਲਈ ਜਾਂਚ ਦਾ ਨਤੀਜਾ "ਸਕ੍ਰੀਨ ਪਾਜ਼ੇਟਿਵ" ਵਿੱਚ ਦੱਸਿਆ ਜਾਵੇ ਤਾਂ ਮੈਨੂੰ ਕਿਹੜਾ ਤਸ਼ਖੀਸੀ ਟੈਸਟ ਕਰਾਉਣ ਲਈ ਕਿਹਾ ਜਾਵੇਗਾ?

ਤੁਹਾਨੂੰ ਐਮਨੀਉਸੈਂਟੈਸਿਜ਼ ਕਰਾਉਣ ਲਈ ਕਿਹਾ ਜਾਵੇਗਾ ਜੋ ਤੁਹਾਨੂੰ ਦੱਸੇਗਾ ਕਿ ਕੀ ਸੱਚੀਂ ਤੁਹਾਡੇ ਬੱਚੇ ਨੂੰ ਉਪ੍ਰੋਕਤ ਵਿੱਚੋਂ ਕੋਈ ਰੋਗ ਹੈ। ਕਈ ਔਰਤਾਂ ਐਮਨੀਉਸੈਂਟੇਸਿਜ਼ ਕਰਾਉਣ ਦਾ ਫੈਸਲਾ ਕਰਦੀਆਂ ਹਨ, ਕਈ ਨਹੀਂ। ਇਹ ਤੁਹਾਡੀ ਆਪਣੀ ਮਰਜ਼ੀ ਹੁੰਦੀ ਹੈ।

## ਐਮਨੀਉਸੈਂਟੇਸਿਜ਼ ਕੀ ਹੁੰਦਾ ਹੈ?

ਤੁਹਾਡੇ ਪੇਟ ਵਿੱਚ ਇੱਕ ਬੇਹੱਦ ਮਹੀਨ ਸੂਈ ਪਾ ਕੇ ਤੁਹਾਡੇ ਬੱਚੇ ਦੇ ਆਲੇ-ਦੁਆਲਿਉਂ ਥੋੜਾ ਜਿਹਾ ਤਰਲ ਲਿਆ ਜਾਂਦਾ ਹੈ – ਲਗਭਗ ਦੋ ਕੁ ਚਮਚ। ਸੂਈ ਨੂੰ ਅਲਟਰਾਸਾਊਂਡ ਰਾਹੀਂ ਵੇਖ ਕੇ ਪਾਇਆ ਜਾਂਦਾ ਹੈ ਤਾਂ ਜੋ ਇਹ ਬੱਚੇ ਨੂੰ ਨਾ ਲੱਗੇ। ਲਏ ਗਏ ਤਰਲ ਦੇ ਨਮੂਨੇ ਨੂੰ ਇਹ ਵੇਖਣ ਲਈ ਪਰਖਿਆ ਜਾਂਦਾ ਹੈ ਕਿ ਕੀ ਬੱਚੇ ਨੂੰ ਡਾਊਨ ਸਿੰਡਰਮ, ਟਰਾਈਸੋਮੀ 18 ਜਾਂ ਤੰਤੂ ਨਲੀ ਖੁੱਲ੍ਹੀ ਹੋਣ ਦੇ ਨੁਕਸ ਦਾ ਰੋਗ ਤਾਂ ਨਹੀਂ ਹੈ। ਐਮਨੀਉਸੈਂਟੇਸਿਜ਼ ਵਿੱਚ ਗਰਭ ਡਿੱਗ ਜਾਣ ਦਾ 200 ਵਿੱਚੋਂ 1 (0.5%) ਮੌਕਾ ਹੁੰਦਾ ਹੈ।

## ਜੇ ਤਸ਼ਖੀਸੀ ਟੈਸਟ ਤੋਂ ਪਤਾ ਲੱਗੇ ਕਿ ਮੇਰੇ ਬੱਚੇ ਨੂੰ ਉਪ੍ਰੋਕਤ ਵਿੱਚੋਂ ਕੋਈ ਇੱਕ ਰੋਗ ਹੈ ਤਾਂ?

ਜੇ ਜਾਂਚ ਤੋਂ ਪਤਾ ਲੱਗੇ ਕਿ ਤੁਹਾਡੇ ਬੱਚੇ ਨੂੰ ਡਾਊਨ ਸਿੰਡਰਮ, ਟਰਾਈਸੋਮੀ 18 ਜਾਂ ਤੰਤੂ ਨਲੀ ਖੁੱਲ੍ਹੀ ਹੋਣ ਦਾ ਨੁਕਸ ਹੈ ਤਾਂ ਅਜਿਹੇ ਵਿਅਕਤੀ ਮੌਜੂਦ ਹਨ ਜੋ ਤੁਹਾਡੀ ਮਦਦ ਕਰ ਸਕਦੇ ਹਨ। ਤੁਹਾਡਾ ਡਾਕਟਰ, ਅਤੇ ਮੈਡੀਕਲ ਜਿਨੈਟੀਸਿਸਟ ਜਾਂ ਜਿਨੈਟਿਕ ਕੌਂਸਲਰ ਤੁਹਾਡੇ ਸਾਮ੍ਹਣੇ ਮੌਜੂਦ ਰਾਹਾਂ ਬਾਰੇ ਤੁਹਾਨੂੰ ਦੱਸਣ ਲਈ ਅਤੇ ਸਹੀ ਫੈਸਲਾ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ ਮੌਜੂਦ ਹੁੰਦੇ ਹਨ। ਤੁਹਾਡੇ ਸਾਮ੍ਹਣੇ ਮੌਜੂਦ ਰਾਹਾਂ ਵਿੱਚ ਗਰਭਪਾਤ ਕਰਾਉਣਾ, ਗਰਭ ਜਾਰੀ ਰੱਖਣਾ ਅਤੇ ਬੱਚੇ ਨੂੰ ਕਿਸੇ ਹੋਰ ਨੂੰ ਗੋਦ ਲੈਣ ਲਈ ਦੇ ਦੇਣਾ ਹਨ।

## ਫੈਸਲਾ ਕਰਨਾ

### *ਕੀ ਬੱਚੇ ਦੇ ਜਨਮ ਤੋਂ ਪਹਿਲਾਂ ਦੀ ਜਿਨੈਟਿਕ ਜਾਂਚ ਮੇਰੇ ਲਈ ਸਹੀ ਰਹੇਗੀ?*

ਅਨੇਕਾਂ ਔਰਤਾਂ ਨੂੰ ਇਹ ਫੈਸਲਾ ਕਰਨਾ ਔਖਾ ਲੱਗਦਾ ਹੈ ਕਿ ਉਹ ਬੱਚੇ ਦੇ ਜਨਮ ਤੋਂ ਪਹਿਲਾਂ ਦੀ ਜਿਨੈਟਿਕ ਜਾਂਚ ਕਰਾਉਣ ਜਾਂ ਨਾ। ਹੇਠਾਂ ਕੁੱਝ ਸਵਾਲ ਦਿੱਤੇ ਜਾ ਰਹੇ ਹਨ ਜਿਨਾਂ 'ਤੇ ਵਿਚਾਰ ਕਰਨ ਨਾਲ ਤੁਹਾਡੇ ਲਈ ਇਹ ਫੈਸਲਾ ਕਰਨਾ ਸੌਖਾ ਰਹੇਗਾ।

- ਕੀ ਬੱਚੇ ਦੇ ਜਨਮ ਤੋਂ ਪਹਿਲਾਂ ਮੈਂ ਇਹ ਜਾਣਨਾ ਚਾਹੁੰਦੀ ਹਾਂ ਜਾਂ ਨਹੀਂ ਕਿ ਮੇਰੇ ਬੱਚੇ ਨੂੰ ਡਾਊਨ ਸਿੰਡਰਮ, ਟਰਾਈਸੋਮੀ 18 ਜਾਂ ਤੰਤੂ ਨਲੀ ਖੁੱਲ੍ਹੀ ਹੋਣ ਦਾ ਨੁਕਸ ਤਾਂ ਨਹੀਂ ਹੈ?
- ਇਹ ਜਾਣਦਿਆਂ ਕਿ ਐਮਨੀਉਸੈਂਟੇਸਿਜ਼ ਨਾਲ ਗਰਭ ਡਿੱਗ ਜਾਣ ਦਾ ਖ਼ਤਰਾ (200 ਵਿੱਚੋਂ 1) ਹੈ, ਕੀ ਨਤੀਜਾ "ਸਕ੍ਰੀਨ ਪਾਜ਼ੇਟਿਵ" ਆਉਣ ਤੇ ਵੀ ਮੈਂ ਇਹ ਤਸ਼ਖੀਸੀ ਟੈਸਟ ਕਰਾਵਾਂਗੀ?
- ਜੇ ਤਸ਼ਖੀਸੀ ਟੈਸਟ ਤੋਂ ਪਤਾ ਲੱਗੇ ਕਿ ਮੇਰੇ ਬੱਚੇ ਨੂੰ ਉਪ੍ਰੋਕਤ ਵਿੱਚੋਂ ਕੋਈ ਰੋਗ ਹੈ ਤਾਂ ਮੈਂ ਕੀ ਕਰਾਂਗੀ? ਕੀ ਮੈਂ ਗਰਭਪਾਤ ਕਰਾ ਦਿਆਂਗੀ? ਕੀ ਮੈਂ ਇਹ ਪਤਾ ਕਰਨਾ ਚਾਹਾਂਗੀ ਕਿ ਮੈਨੂੰ ਬੱਚੇ ਦੀਆਂ ਖਾਸ ਲੋੜਾਂ ਵਾਸਤੇ ਤਿਆਰ ਰਹਿਣਾ ਚਾਹੀਦਾ ਹੈ? ਕੀ ਮੈਂ ਬੱਚੇ ਨੂੰ ਗੋਦ ਦੇਣ ਬਾਰੇ ਵਿਚਾਰ ਕਰਾਂਗੀ?
- ਇਸ ਜਾਣਕਾਰੀ ਦਾ ਸਾਰੇ ਗਰਭ ਕਾਲ ਦੌਰਾਨ ਮੇਰੇ ਜਜ਼ਬਿਆਂ 'ਤੇ ਕੀ ਅਸਰ ਪਵੇਗਾ? ਕੀ ਇੱਕ "ਸਕ੍ਰੀਨ ਪਾਜ਼ੇਟਿਵ" ਨਤੀਜੇ ਨਾਲ ਮੈਨੂੰ ਬਹੁਤ ਜ਼ਿਆਦਾ ਫਿਕਰ ਤਾਂ ਨਹੀਂ ਹੋ ਜਾਵੇਗਾ?

## ਧਿਆਨ ਦੇਣ ਵਾਲੇ ਨੁਕਤੇ

- ਬੱਚੇ ਦੇ ਜਨਮ ਤੋਂ ਪਹਿਲਾਂ ਦੀ ਜਿਨੈਟਿਕ ਜਾਂਚ ਦੇ ਨਤੀਜਿਆਂ ਤੋਂ ਬਹੁਤੀਆਂ ਔਰਤਾਂ ਨੂੰ ਇਹੋ ਪਤਾ ਲੱਗਦਾ ਹੈ ਕਿ ਇਨਾਂ ਰੋਗਾਂ ਦੀ ਗੁੰਜਾਇਸ਼ ਘੱਟ ਹੈ।
- ਬਹੁਤੀਆਂ ਔਰਤਾਂ ਨੂੰ ਬੱਚੇ ਦੇ ਜਨਮ ਤੋਂ ਪਹਿਲਾਂ "ਸਕ੍ਰੀਨ ਪਾਜ਼ੇਟਿਵ" ਨਤੀਜਾ ਇਹੋ ਹੀ ਦੱਸਦਾ ਹੈ ਕਿ ਉਨ੍ਹਾਂ ਦੇ ਬੱਚੇ ਨੂੰ ਡਾਊਨ ਸਿੰਡਰਮ, ਟਰਾਈਸੋਮੀ 18 ਜਾਂ ਤੰਤੂ ਨਲੀ ਦੇ ਖੁੱਲ੍ਹੇ ਹੋਣ ਦਾ ਨੁਕਸ ਨਹੀਂ ਹੈ।
- ਬੱਚੇ ਦੇ ਜਨਮ ਤੋਂ ਪਹਿਲਾਂ ਦੇ ਟੈਸਟਾਂ ਨਾਲ ਡਾਊਨ ਸਿੰਡਰਮ, ਟਰਾਈਸੋਮੀ 18 ਜਾਂ ਤੰਤੂ ਨਲੀ ਦੇ ਖੁੱਲ੍ਹੇ ਹੋਣ ਦੇ ਨੁਕਸ ਵਾਲੇ ਬਹੁਤੇ ਬੱਚਿਆਂ ਦਾ ਪਤਾ ਲੱਗ ਜਾਂਦਾ ਹੈ ਪਰ ਸਾਰਿਆਂ ਦਾ ਨਹੀਂ।
- ਕਈ ਵਾਰੀ ਬੱਚੇ ਦੇ ਜਨਮ ਤੋਂ ਪਹਿਲਾਂ ਦੇ ਟੈਸਟਾਂ ਨਾਲ ਤੁਹਾਡੇ ਬੱਚੇ ਨੂੰ ਹੋਰ ਮੈਡੀਕਲ ਨੁਕਸ ਹੋਣ ਬਾਰੇ ਪਤਾ ਲੱਗ ਜਾਂਦਾ ਹੈ।
- ਇਹ ਯਾਦ ਰੱਖਣਾ ਅਹਿਮ ਹੈ ਕਿ ਕੋਈ ਵੀ ਅਜਿਹਾ ਟੈਸਟ ਮੌਜੂਦ ਨਹੀਂ ਹੈ ਜੋ ਹਰ ਜਿਸਮਾਨੀ ਜਾਂ ਮਾਨਸਿਕ ਰੋਗ ਦਾ ਪਤਾ ਲਾ ਸਕੇ।
- ਜੇ ਆਪਣਾ ਇਰਾਦਾ ਬਣਾਉਣ ਲਈ ਤੁਹਾਨੂੰ ਵਧੇਰੇ ਜਾਣਕਾਰੀ ਚਾਹੀਦੀ ਹੋਵੇ ਤਾਂ ਆਪਣੇ ਡਾਕਟਰ ਨਾਲ ਗੱਲ ਕਰੋ ਜੀ।

**ਬੱਚੇ ਦੇ ਜਨਮ ਤੋਂ ਪਹਿਲਾਂ ਦੀ ਜਾਂਚ ਬਾਰੇ ਵਧੇਰੇ ਜਾਣਕਾਰੀ ਸਾਡੀ ਵੈੱਬਸਾਈਟ *www.bcprenatalscreening.ca (ਲਿੰਕ ਅੰਗਰੇਜ਼ੀ ਵਿੱਚ ਖੁੱਲ੍ਹੇਗਾ)* ’ਤੇ ਉਪਲਬਧ ਹੈ।**

**ਜੇ ਤੁਹਾਡੇ ਮਨ ਵਿੱਚ ਕੋਈ ਸਵਾਲ ਹੋਣ ਜਾਂ ਤੁਹਾਨੂੰ ਵਧੇਰੇ ਜਾਣਕਾਰੀ ਚਾਹੀਦੀ ਹੋਵੇ ਤਾਂ ਮਿਹਰਬਾਨੀ ਕਰ ਕੇ ਆਪਣੇ ਡਾਕਟਰ ਨਾਲ ਗੱਲ ਕਰੋ।**

## ਤੁਸੀਂ ਹੋਰ ਕੀ ਜਾਣਨਾ ਚਾਹੋਂਗੇ?

ਬੀ.ਸੀ. ਪ੍ਰੀਨੇਟਲ ਜਿਨੈਟਿਕ ਸਕ੍ਰੀਨਿੰਗ ਪ੍ਰੋਗਰਾਮ ਇੱਕ ਹਿੱਸਾ ਹੈ ਪ੍ਰੋਵਿੰਸ਼ਿਅਲ ਹੈਲਥ ਸਰਵਿਸਿਜ਼ ਅਥਾਰਿਟੀ ਦੇ ਬੀ.ਸੀ. ਪੈਰੀਨੇਟਲ ਹੈਲਥ ਪ੍ਰੋਗਰਾਮ ਦਾ। ਬੀ.ਸੀ. ਪ੍ਰੀਨੇਟਲ ਜਿਨੈਟਿਕ ਸਕ੍ਰੀਨਿੰਗ ਪ੍ਰੋਗਰਾਮ ਸੂਬੇ ਵਿੱਚ ਕਈ ਥਾਵਾਂ ’ਤੇ ਕਾਰਜ ਅੰਜਾਮ ਦਿੰਦਾ ਹੈ। ਭਾਵੇਂ ਖ਼ੂਨ ਦੇ ਮੁਢਲੇ ਟੈਸਟ ਚਿਲਡਰਨਜ਼ ਐਂਡ ਵਿਮੈਨਜ਼ ਹੈਲਥ ਸੈਂਟਰ ਆਫ਼ ਬੀ.ਸੀ. ਦੀ ਲੈਬਾਟਰੀ ਵਿਖੇ ਹੁੰਦੇ ਹਨ, ਜੇ ਲੋੜ ਪਵੇ ਤਾਂ ਵਧੇਰੇ ਤਸ਼ਖੀਸੀ ਜਾਂਚ ਬੀ.ਸੀ. ਵਿੱਚ ਹੋਰਨਾ ਥਾਵਾਂ ’ਤੇ ਵੀ ਕੀਤੀ ਜਾਂਦੀ ਹੈ। ਇਸ ਗੱਲ ਤੇ ਧਿਆਨ ਦਿੱਤੇ ਬਿਨਾ ਕਿ ਖ਼ੂਨ ਕਿੱਥੇ ਲਿਆ ਗਿਆ ਸੀ, ਬੱਚੇ ਦੇ ਜਨਮ ਤੋਂ ਪਹਿਲਾਂ ਦੀ ਜਿਨੈਟਿਕ ਜਾਂਚ ਬਾਰੇ ਜਾਣਕਾਰੀ ਬੀ.ਸੀ. ਪ੍ਰੀਨੇਟਲ ਜਿਨੈਟਿਕ ਸਕ੍ਰੀਨਿੰਗ ਪ੍ਰੋਗਰਾਮ ਨੂੰ ਦੇ ਦਿੱਤੀ ਜਾਂਦੀ ਹੈ ਅਤੇ ਹਾਸਲ ਕੀਤੀ ਗਈ ਬਾਕੀ ਜਾਣਕਾਰੀ ਨਾਲ ਮਿਲਾ ਕੇ ਸੁਰੱਖਿਅਤ, ਵਧੇਰੇ ਦਰੁਸਤ ਟੈਸਟਾਂ ਲਈ, ਨਤੀਜਿਆਂ ਨੂੰ ਮਾਪਣ ਅਤੇ ਨਵੇਂ ਸਬੂਤਾਂ/ਗਿਆਨ ਦੇ ਜਾਇਜ਼ੇ ਅਤੇ ਪਸਾਰੇ ਲਈ ਵਰਤੀ ਜਾਂਦੀ ਹੈ।

## ਅਸੀਂ ਨਿਜੀ ਜਾਣਕਾਰੀ ਦਾ ਭੇਤ ਕਾਇਮ ਰੱਖਣ ਪ੍ਰਤੀ ਦ੍ਰਿੜ ਇਰਾਦਾ ਰੱਖਦੇ ਹਾਂ

ਜਿਹੜੀਆਂ ਔਰਤਾਂ ਬੱਚੇ ਦੇ ਜਨਮ ਤੋਂ ਪਹਿਲਾਂ ਦੀ ਜਿਨੈਟਿਕ ਸਕ੍ਰੀਨਿੰਗ ਕਰਾਉਣ ਦਾ ਫੈਸਲਾ ਕਰਦੀਆਂ ਹਨ, ਉਨ੍ਹਾਂ ਲਈ ਇਹ ਜਾਣਨਾ ਅਹਿਮ ਹੈ ਕਿ ਬੀ.ਸੀ. ਪ੍ਰੀਨੇਟਲ ਜਿਨੈਟਿਕ ਸਕ੍ਰੀਨਿੰਗ ਪ੍ਰੋਗਰਾਮ ਵੱਲੋਂ ਨਿਜੀ ਜਾਣਕਾਰੀ ਨੂੰ ਬੀ.ਸੀ. ਫਰੀਡਮ ਆਫ਼ ਇਨਫਰਮੇਸ਼ਨ ਐਂਡ ਪ੍ਰੋਟੈਕਸ਼ਨ ਆਫ਼ ਪ੍ਰਾਈਵੇਸੀ ਐਕਟ ਦੀ ਧਾਰਾ 26 (ਸੀ) ਅਤੇ ਹੋਰ ਵਿਧਾਨਾਂ ਤਹਿਤ ਹੀ ਇਕੱਠਾ ਕੀਤਾ, ਵਰਤਿਆ ਅਤੇ ਇਸ ਦਾ ਖੁਲਾਸਾ ਕੀਤਾ ਜਾਂਦਾ ਹੈ। ਅਸੀਂ ਇਹ ਗੱਲ ਪੱਕੀ ਕਰਨ ਲਈ ਹਰ ਵਾਜਿਬ ਕਦਮ ਚੁੱਕਦੇ ਹਾਂ ਕਿ ਨਿਜੀ ਜਾਣਕਾਰੀ ਨਾਲ ਰਾਜ਼ਦਾਰੀ ਤਹਿਤ ਪੇਸ਼ ਆਇਆ ਜਾਵੇ, ਇਸ ਨੂੰ ਸਿਰਫ ਉਪ੍ਰੋਕਤ ਮਕਸਦ ਲਈ ਹੀ ਵਰਤਿਆ ਜਾਵੇ ਅਤੇ ਸੁਰੱਖਿਅਤ ਤਰੀਕੇ ਨਾਲ ਸੰਭਾਲ ਕੇ ਰੱਖਿਆ ਜਾਵੇ। ਇਸ ਜਾਣਕਾਰੀ ਤੋਂ ਪੈਦਾ ਹੋਈਆਂ ਰਿਪੋਰਟਾਂ ਨੂੰ ਹਮੇਸ਼ਾ ਸਾਰ ਰੂਪ ਵਿੱਚ ਬਣਾਇਆ ਜਾਂਦਾ ਹੈ ਅਤੇ ਇਨਾਂ ਵਿੱਚ ਕਿਸੇ ਦਾ ਵੀ ਨਾਮ ਜਾਂ ਹੋਰ ਸ਼ਨਾਖਤੀ ਜਾਣਕਾਰੀ ਸ਼ਾਮਲ ਨਹੀਂ ਕੀਤੀ ਜਾਂਦੀ। ਜੇ ਤੁਹਾਡੀ ਨਿਜੀ ਜਾਣਕਾਰੀ ਨੂੰ ਇਕੱਠੇ ਕਰਨ, ਵਰਤਣ ਜਾਂ ਇਸ ਦਾ ਖੁਲਾਸਾ ਕਰਨ ਬਾਰੇ ਤੁਹਾਡੇ ਕੋਈ ਸਵਾਲ ਹੋਣ ਤਾਂ ਬੀ.ਸੀ. ਪ੍ਰੀਨੇਟਲ ਜਿਨੈਟਿਕ ਸਕ੍ਰੀਨਿੰਗ ਪ੍ਰੋਗਰਾਮ ਨਾਲ (604) 875-3772 ’ਤੇ ਸੰਪਰਕ ਕਰ ਸਕਦੇ ਹੋ।

# ਬੀ.ਸੀ. ਪ੍ਰੀਨੇਟਲ ਜਿਨੈਟਿਕ ਸਕ੍ਰੀਨਿੰਗ ਪ੍ਰੋਗਰਾਮ

ਬੀ.ਸੀ. ਪੈਰੀਨੇਟਲ ਹੈਲਥ ਪ੍ਰੋਗਰਾਮ ਦਾ ਇੱਕ ਹਿੱਸਾ

# BC Prenatal Genetic Screening Program

PART OF THE BC PERINATAL HEALTH PROGRAM

Provincial Health Services Authority
Province-wide solutions. Better health.

ਫਰਵਰੀ 2010